# ਇਕੋ ਮਿੱਟੀ ਦੇ ਪੁੱਤ

**ਅਜੀਤ ਸਿੰਘ ਪੱਤੋ** ਦੀ ਏਸੇ ਨਾਂਅ ਦੀ ਕਹਾਣੀ 'ਤੇ ਆਧਾਰਤ

*ਪਾਤਰ*

ਮਿਲਖੀ
ਜੀਤੋ
ਕੈਲਾ
ਲੱਖਾ ਸਿੰਘ
ਸਰਪੰਚ

# ਇਕੋ ਮਿੱਟੀ ਦੇ ਪੁੱਤ

## ਪਹਿਲਾ ਸੀਨ

[ਨਾਟਕ ਸ਼ੁਰੂ ਹੋਣ 'ਤੇ ਮਿਲਖੀ ਮਾਵੇ ਵਾਲੀ ਚਿੱਟੀ ਪੱਗ ਬੰਨ੍ਹ ਰਿਹਾ ਏ। ਕੁਝ ਗੁਣਗੁਣਾ ਰਿਹਾ ਏ। ਜੀਤੋ ਉਹਦੀ ਘਰਵਾਲੀ ਆਉਂਦੀ ਏ।]

ਜੀਤੋ : ਇਹ ਤੂੰ ਜਿਹੜੇ ਚਿੱਟੇ ਕੱਪੜੇ ਪਾਈ ਸਰਦਾਰ ਦੇ ਘਰੇ ਰਹਿੰਨਾ ਏਂ... ਮੈਨੂੰ ਤੇਰੇ ਲੱਛਣ ਚੰਗੇ ਨਹੀਂ ਲੱਗਦੇ।

ਮਿਲਖੀ : ਤੈਨੂੰ ਤਾਂ ਸਾਡਾ ਕੋਈ ਕੰਮ ਚੰਗਾ ਨਹੀਂ ਲਗਦਾ...ਭਲੀਏ ਲੋਕੇ ਤੈਨੂੰ ਸਰਦਾਰਾਂ ਦੀਆਂ ਬਾਤਾਂ ਦਾ ਕੀ ਪਤਾ ?

ਜੀਤੋ : ਮੈਨੂੰ ਸਾਰੀਆਂ ਬਾਤਾਂ ਦਾ ਪਤਾ ਏ...ਛਿੱਟ ਕੁ ਤੈਨੂੰ ਪੀਣ ਲਈ ਦੇ ਦਿੱਤੀ...ਮਾਵੇ ਦੀ ਚੂੰਢੀ ਡੁੰਗਣ ਨੂੰ ਦੇ ਦਿੱਤੀ ਤੇ ਤੂੰ ਪੂਛ ਚੁੱਕੀ ਫਿਰਦਾ ਏਂ...ਤੇ ਮੇਰੀ ਸੁਣ, ਅਸੀਂ ਵਿਹੜੇ ਵਿਚ ਰਹਿਣਾ ਏ...ਆਪਣੇ ਭਰਾਵਾਂ ਤੋਂ ਵੱਖ ਨਹੀਂ ਹੋ ਸਕਦੇ।

ਮਿਲਖੀ : ਭਰਾਵਾਂ ਤੋਂ ਅਸੀਂ ਜੂੰਆਂ ਲੈਣੀਆਂ ਨੇ...ਤੈਨੂੰ ਮੇਰੀਆਂ ਸਕੀਮਾਂ ਦਾ ਨਹੀਂ ਪਤਾ...ਉਹ ਸਿਰੇ ਚੜ੍ਹ ਗਈਆਂ ਤੇ ਫੇਰ ਸਾਨੂੰ ਕੱਚੇ ਵਿਹੜਿਆਂ ਵਿਚ ਨਹੀਂ ਰਹਿਣਾ ਪੈਣਾ...ਸਾਡਾ ਵੀ ਘਰ ਪੱਕਾ ਬਣ ਜਾਣਾ ਏ...ਸਰਦਾਰ ਤੇ ਹੁਣ ਵੀ ਕਹਿੰਦਾ ਏ—ਬੇਸ਼ਕ ਸ਼ਹਿਰ ਦੀ ਕੋਠੀ ਵਾਲੀ ਪਿਛਲੀ ਨੈਕਸੀ ਵਿਚ ਚਲਾ ਜਾਵਾਂ।

ਜੀਤੋ : ਇਹ ਨੈਕਸੀ ਕੀ ਹੁੰਦੀ ਏ।

ਮਿਲਖੀ : ਵੱਡੀ ਕੋਠੀ ਪਿੱਛੇ ਛੋਟੀ ਕੋਠੀ।

ਜੀਤੋ : ਉਥੇ ਜਾ ਕੇ ਕੀ ਕਰੇਂਗਾ ?

ਮਿਲਖੀ : ਜੋ ਇਥੇ ਕਰਦਾ ਹਾਂ...ਮਤਲਬ ਕਿ ਸਰਦਾਰ ਦੀ ਸੇਵਾ।

ਜੀਤੋ : ਸੇਵਾ ਨਹੀਂ...ਟਾਊਟਗਿਰੀ ਕਰਦਾ ਏਂ।

ਮਿਲਖੀ : ਵੱਡਿਆਂ ਦੀ ਸੇਵਾ ਇਹੋ ਹੁੰਦੀ ਏ...ਉਨ੍ਹਾਂ ਨੇ ਆਪ ਕੋਈ ਗੱਲ ਥੋੜ੍ਹਾ ਕਰਨੀ ਹੁੰਦੀ ਏ...ਉਨ੍ਹਾਂ ਨੇ ਤਾਂ ਸਿਰਫ਼ ਸੋਚਣਾ ਹੁੰਦਾ ਏ ਤੇ ਕਰਨਾ ਅਸੀਂ ਹੁੰਦਾ ਏ।

ਜੀਤੋ : ਹੁਣ ਸਰਦਾਰ ਨੇ ਕੀ ਸੋਚਿਆ ਏ...ਤੇ ਤੂੰ ਕਰਨਾ ਕੀ ਏ...ਚੋਣਾਂ ਤਾਂ ਹੁਣ ਕੋਈ ਨੇੜੇ ਨਹੀਂ।

ਮਿਲਖੀ : ਹੁਣ ਚੋਣਾਂ ਨਾਲੋਂ ਵੀ ਵੱਡਾ ਕੰਮ ਏ...ਸਰਦਾਰ ਨੇ ਕੰਬਾਈਨ ਬਣਾਈ ਏ...ਖ਼ਿਆਲ ਸੀ ਕਿ ਸੀਜ਼ਨ ਚੰਗਾ ਲੱਗੇਗਾ ਤੇ ਮੁੱਲ ਨਿਕਲ ਆਏਗਾ...ਜੱਟ ਕਹਿੰਦੇ ਨੇ ਅਸੀਂ ਨਹੀਂ ਵਾਢੀ ਕੰਬਾਈਨ ਦੀ ਕਰਵਾਉਣੀ...ਇਹਦੇ ਨਾਲ ਤੂੜੀ ਪੱਲੇ ਨਹੀਂ ਪੈਂਦੀ।

ਜੀਤੋ : ਇਹ ਤਾਂ ਠੀਕ ਏ।

ਮਿਲਖੀ : ਵਾਢੀ ਜੇਕਰ ਕੰਬਾਇਨ ਨੇ ਨਹੀਂ ਕਰਨੀ ਤਾਂ ਫੇਰ ਮਜਬੂਰਨ ਜੱਟਾਂ ਨੂੰ ਵਿਹੜੇ ਵਾਲਿਆਂ ਦੀ ਲੋੜ ਪੈਣੀ ਏ...ਤੇ ਸਰਦਾਰ ਨਹੀਂ ਚਾਹੁੰਦਾ ਕਿ ਵਿਹੜੇ ਵਾਲੇ ਇਹ ਕੰਮ ਕਰਨ।

ਜੀਤੋ : ਉਹ ਕੀ ਚਾਹੁੰਦਾ ਏ ਕਿ ਇਹ ਭਈਏ ਕਰਨ ?

ਮਿਲਖੀ : ਭਈਏ ਕਿਥੋਂ ਆਉਣੇ ਨੇ...ਉਹ ਤਾਂ ਡਰਦੇ ਮਾਰੇ ਇਧਰ ਮੂੰਹ ਨਹੀਂ ਕਰਦੇ।

ਜੀਤੋ : ਆਹੋ...ਪਿਛਲੇ ਸਾਲ ਅੱਤਵਾਦੀਆਂ ਦੇ ਹੱਥੋਂ ਦੋ ਮਾਰੇ ਗਏ ਸਨ।

ਮਿਲਖੀ : ਮੈਨੂੰ ਹੀ ਤਾਂ ਪਤਾ ਏ...ਮੈਂ ਹੀ ਤਾਂ ਜੱਗੇ ਹੋਰਾਂ ਨੂੰ ਸਰਦਾਰਾਂ ਵੱਲੋਂ ਪੈਸੇ ਦਿੱਤੇ ਸਨ...ਉਹੀ ਤਾਂ ਵੱਡੇ ਅੱਤਵਾਦੀ ਬਣੇ ਫਿਰਦੇ ਨੇ...ਇਹ ਤੇਰੀਆਂ ਵਾਲੀਆਂ, ਭਲੀਏ ਲੋਕੇ ਉਹਦੇ ਵਿਚੋਂ ਹੀ ਨਿਕਲੀਆਂ ਸਨ...ਵੱਡਿਆਂ ਦੀਆਂ ਰਕਮਾਂ ਜਦੋਂ ਏਧਰ ਦੀਆਂ ਓਧਰ ਹੋਣ ਤਾਂ ਵਿਚੋਲਿਆਂ ਲਈ ਵਾਲੀਆਂ ਕਾਂਟੇ ਕੱਢਣੇ ਮੁਸ਼ਕਿਲ ਨਹੀਂ ਹੁੰਦੇ।

ਜੀਤੋ : (ਵਾਲੀਆਂ ਲਾਹੁੰਦੀ ਹੋਈ) ਤਾਂ ਇਹ ਵਾਲੀਆਂ ਪਾਪ ਦੀ ਕਮਾਈ ਦੀਆਂ ਨੇ ?

ਮਿਲਖੀ : ਪਾਪ ਦੀ ਨਹੀਂ...ਸਾਡੇ ਦਿਮਾਗ ਦੀ ਕਮਾਈ ਏ...ਹੋਰ ਸਾਡੇ ਇਥੇ ਹਲ ਪਏ ਚੱਲਦੇ ਨੇ...ਭਈਆਂ ਵਾਲਾ ਰਾਹ ਤੇ ਸਰਦਾਰ ਨੇ ਇਸ ਤਰ੍ਹਾਂ ਸਾਫ਼ ਕੀਤਾ। ਉਹਨੇ ਝੋਨੇ ਦੀ ਫ਼ਸਲ ਪੱਕਦੇ ਹੀ ਦੇਖ ਲਿਆ ਸੀ ਕਿ ਭਈਏ ਜੇਕਰ ਰਹੇ ਤਾਂ ਉਹਦਾ ਕੰਬਾਈਨ ਵਾਲਾ ਵਪਾਰ ਸਿਰੇ ਨਹੀਂ ਚੜ੍ਹਨਾ।

ਜੀਤੋ : ਹਲਾ ਅੱਗੋਂ ਗੱਲ ਕਰ।

ਮਿਲਖੀ : ਹੁਣ ਭਈਆਂ ਨੇ ਆਉਣਾ ਨਹੀਂ...ਇਸੇ ਕਰਕੇ ਜੱਟਾਂ ਨੂੰ ਮਜਬੂਰਨ ਵਿਹੜੇ ਵਾਲਿਆਂ ਨੂੰ ਬੁਲਾਉਣਾ ਪੈਣਾ ਏ ਤੇ ਵਿਹੜੇ ਵਾਲਿਆਂ ਨੂੰ ਮੈਂ ਮੁੱਠੀ ਵਿਚ ਕਰ ਲਿਆ ਏ...45 ਰੁਪਏ ਦਿਹਾੜੀ ਤੋਂ ਘੱਟ ਉਨ੍ਹਾਂ ਨੇ ਲੈਣੀ ਨਹੀਂ...ਘੀਲੇ ਹੋਰਾਂ ਨੂੰ ਸਰਦਾਰਾਂ ਕੋਲੋਂ ਮੈਂ ਇਹ ਦਵਾ ਵੀ ਦਿੱਤੇ ਨੇ। ਬਸ ਹੁਣ ਖੇਡ ਇਹ ਵੇ ਜੱਟਾਂ ਨੇ 35 ਤੋਂ 45 ਦੇਣੇ ਨਹੀਂ। ਵਿਹੜੇ ਵਾਲਿਆਂ 45 ਤੋਂ ਘੱਟ ਜਾਣਾ ਨਹੀਂ...ਖੇਤਾਂ ਵਿਚ ਪੱਕੀ ਹੋਈ ਫ਼ਸਲ ਖੜੀ ਰਹੇ...ਇਹ ਜੱਟਾਂ ਕੋਲੋਂ ਬਰਦਾਸ਼ਤ ਨਹੀਂ

ਹੋਣਾ... ਕਰਜ਼ੇ ਉਨ੍ਹਾਂ ਦੇ ਸਿਰ 'ਤੇ ਖਲੋਤੇ ਹੁੰਦੇ ਨੇ। ਜੱਟਾਂ ਤੇ ਵਿਹੜੇ ਵਾਲਿਆਂ ਦਾ ਝਗੜਾ ਤੇ ਅਖ਼ੀਰ ਜੱਟਾਂ ਨੂੰ ਕੰਬਾਈਨ ਲਈ ਸਰਦਾਰ ਦੇ ਤਰਲੇ ਕਰਨੇ ਪੈਣੇ ਨੇ ਤੇ ਸਰਦਾਰ ਨੇ ਮੂੰਹ ਮੰਗੀ ਰਕਮ ਲੈ ਲੈਣੀ ਏ...225 ਤੋਂ 250 ਰੁਪਏ ਕਿੱਲੇ ਦਾ।

ਜੀਤੋ : ਇੰਝ ਤਾਂ ਵਿਹੜੇ ਵਾਲੇ ਬਗ਼ੈਰ ਕੰਮ ਤੋਂ ਮਾਰੇ ਜਾਣਗੇ।

ਮਿਲਖੀ : ਮਾਰੇ ਜਾਣ...ਉਨ੍ਹਾਂ ਕਿਹੜਾ ਮੇਰੇ ਕਹੇ ਸਰਦਾਰ ਨੂੰ ਵੋਟ ਪਾਏ ਸਨ ?

ਜੀਤੋ : ਤੇ ਤੈਨੂੰ ਵਿਚੋਂ ਕੀ ਮਿਲੇਗਾ ?

ਮਿਲਖੀ : ਸਰਦਾਰ ਨੇ ਕਿਹਾ ਏ, ਉਹ ਮੈਨੂੰ ਖ਼ੁਸ਼ ਕਰ ਦਏਗਾ ਤੇ ਮੈਂ ਅੱਗੋਂ ਤੈਨੂੰ ਖ਼ੁਸ਼ ਕਰ ਦਿਆਂਗਾ...ਇਹ ਲੈ ਪੰਜਾਹ ਸਾਂਭ, ਸੂਟ ਲਈ ਕੱਪੜਾ ਲੈ ਆਈਂ...ਅਸੀਂ ਕੋਈ ਠੇਕਾ ਨਹੀਂ ਲਿਆ ਕਿ ਸਰਦਾਰਨੀਆਂ ਦੇ ਲੱਥੇ ਹੀ ਪਾਈਏ।

ਜੀਤੋ : ਪਰ ਪੰਜਾਹਵਾਂ ਦਾ ਸੂਟ ਥੋੜ੍ਹਾ ਬਣਦਾ ਏ ?

ਮਿਲਖੀ : ਲੈ ਪੰਜਾਹ ਹੋਰ ਫੜ।

ਜੀਤੋ : ਪਰ ਜੇ ਕੰਮ ਨਾ ਮਿਲਿਆ ਤਾਂ ਵਿਹੜੇ ਵਿਚ ਭੁੱਖ ਵਰਤ ਜਾਏਗੀ।

ਮਿਲਖੀ : ਅੱਗੇ ਮੇਰੇ ਸਹੁਰੇ ਕਿਹੜੇ ਖੀਰਾਂ ਖਾਂਦੇ ਨੇ...ਭਲੀਏ ਲੋਕੇ ਅੱਜ ਦਾ ਯੁੱਗ ਦਾਅ ਮਾਰਨ ਦਾ ਯੁੱਗ ਏ...ਜਿਹੜਾ ਦਾਅ ਮਾਰ ਗਿਆ, ਮਾਰ ਗਿਆ...ਜਿਹੜਾ ਰਹਿ ਗਿਆ, ਰਹਿ ਗਿਆ।

ਜੀਤੋ : ਤਾਂ ਤੂੰ ਦਲਾਲੀ ਦਾ ਖੱਟਿਆ ਖਾਂਦਾ ਏਂ।

ਮਿਲਖੀ : ਇਥੇ ਵੱਡੇ-ਵੱਡੇ ਦਲਾਲੀਆਂ ਕਰਦੇ ਨੇ...ਮੈਂ ਕਰ ਲਈ ਤਾਂ ਕੀ ਆਖਰ ਆ ਗਈ ਏ...ਕੱਲ੍ਹ ਸੱਥ ਵਿਚ ਮਾਸਟਰ ਅਖ਼ਬਾਰ ਪੜ੍ਹ ਕੇ ਸੁਣਾ ਰਿਹਾ ਸੀ ਕਿ ਸਾਡੀ ਸਰਕਾਰ ਨੇ ਕਿਸੇ ਬਾਹਰਲੇ ਮੁਲਕ ਦੀ ਕੰਪਨੀ ਨਾਲ ਤੋਪਾਂ ਦਾ ਸੌਦਾ ਕੀਤਾ...ਇਕ ਦਲਾਲ ਤੀਹ ਕਰੋੜ ਰੁਪਿਆ ਸਿੱਧਾ ਖਾ ਗਿਆ...ਉਹਨੇ ਡਕਾਰ ਵੀ ਨਹੀਂ ਮਾਰਿਆ।

ਜੀਤੋ : ਵੱਡਾ ਬੰਦਾ ਹੋਣੈ...ਹਜ਼ਮ ਕਰ ਗਿਆ ਹੋਣਾ ਏ...ਤੇਰੇ ਵਾਕਣ ਨਹੀਂ। ਤੂੰ ਤਾਂ ਛਿੱਟ ਪੀ ਲਏਂ...ਹਜ਼ਮ ਨਹੀਂ ਕਰ ਸਕਦਾ...ਸਭ ਕੁਝ ਉਲਟੀ ਕਰ ਦੇਨਾ ਏਂ...ਰਾਤੀਂ ਮੂੰਹ ਵੀ ਤੇ ਲੀੜੇ ਵੀ ਸਾਰੇ ਗੰਦੇ ਹੋਏ ਸਨ... ਮੇਰੇ ਤੋਂ ਨਹੀਂ ਰੋਜ਼ ਧੋਤੇ ਜਾਂਦੇ।

ਮਿਲਖੀ : ਓਹ ਤਾਂ ਰਾਤੀਂ ਸਰਦਾਰੇ ਹੋਰਾਂ ਘਰ ਦੀ ਕੱਢੀ ਪਿਆ ਦਿੱਤੀ...ਉਥੇ ਟਿਊਬਵੈੱਲ ਤੇ ਹੀ ਬੈਠ ਕੇ ਪੀਤੀ।

ਜੀਤੋ : ਤੂੰ ਸਰਦਾਰੇ ਹੋਰਾਂ ਕੋਲ ਕੀ ਲੈਣ ਗਿਆ ਸੀ ?

ਮਿਲਖੀ : ਉਹ ਵੀ ਸਰਦਾਰਾਂ ਦਾ ਖ਼ਾਸ ਬੰਦਾ ਏ...ਇਹ ਸਰਕਾਰ ਨੇ ਜਿਹੜੀ ਪਲਾਨ ਬਣਾਈ ਏ, ਉਸ ਵਿਚ ਵਿਹੜੇ ਵਾਲਿਆਂ ਨੂੰ ਚੁੱਕਣ ਦੀ

ਡਿਊਟੀ ਮੇਰੀ ਲੱਗੀ ਏ...ਜੱਟਾਂ ਨੂੰ ਚੁੱਕਣ ਦੀ ਸਰਦਾਰੇ ਦੀ...ਇਹਨੂੰ ਕਹਿੰਦੇ ਨੇ ਤਿਕੋਣੀ ਪਲਾਨ।

ਜੀਤੋ : ਤਿਕੋਨੀ ?

ਮਿਲਖੀ : ਤਿਕੋਨੀ ਨਹੀਂ ਸਮਝਦੀ...ਜਿਹੜੀ ਹਸਪਤਾਲਾਂ ਦੇ ਬਾਹਰ ਵਾਹੀ ਹੁੰਦੀ ਏ...ਫੈਮਲੀ ਪਲੈਨਿੰਗ ਵਾਲੀ...ਉਹ ਹੁੰਦੀ ਏ ਸਰਕਾਰ ਦੀ ਗਰਭ ਨਾਸ਼ਕ ਪਲਾਨ ਤੇ ਸਰਦਾਰ ਦੀ ਪਲਾਨ ਏ ਸਰਵ ਨਾਸ਼ਕ ਪਲਾਨ...ਸਰਦਾਰ...ਸਰਦਾਰਾ ਤੇ ਮੈਂ...ਤੇ ਮੈਂ ਸਰਦਾਰਾ ਤੇ ਸਰਦਾਰ।

*(ਸ਼ੈਤਾਨਾਂ ਵਾਂਗ ਹੱਸਦਾ ਜਾਂਦਾ ਹੈ।)*

ਜੀਤ : ਹੂੰ ਸਰਦਾਰਾਂ ਦੀ ਪਲਾਨ...ਇਹ ਏਨਾ ਬੇਸ਼ਰਮ ਹੋ ਗਿਆ ਏ ਕਿ ਸਰਦਾਰ ਦੀਆਂ ਸਾਰੀਆਂ ਵਧੀਕੀਆਂ ਭੁੱਲ ਗਿਆ ਏ ਕਿ ਏਸੇ ਸਰਦਾਰ ਨੇ ਮੇਰੀ ਇੱਜ਼ਤ ਨੂੰ ਹੱਥ ਪਾਇਆ ਸੀ...ਉਦੋਂ ਇਹ ਕਿਸ ਤਰ੍ਹਾਂ ਅੱਗ-ਬਬੂਲਾ ਹੋ ਕੇ ਗਿਆ ਸੀ...ਪਰ ਸਰਦਾਰ ਨੇ ਲੋਲੋ-ਪੋਪੀਆਂ ਲਗਾ ਕੇ ਇਹਨੂੰ ਚੁੱਪ ਕਰਵਾ ਦਿੱਤਾ ਸੀ...ਉਦੋਂ ਵੀ ਇਹ ਛਿੱਟ ਪੀ ਕੇ ਸਾਰਾ ਕੁਝ ਭੁੱਲ ਗਿਆ ਸੀ। ਹੁਣ ਕਹਿੰਦਾ ਏ ਸਰਦਾਰ ਸ਼ਹਿਰ ਵਾਲੀ ਕੋਠੀ ਦੇ ਦੇਵੇਗਾ...ਇਹਨੂੰ ਹਰ ਰਾਤ ਨਸ਼ੇ ਦੀ ਗੋਲੀ ਖਵਾ ਕੇ ਮੂਧਾ ਕਰ ਦੇਵੇਗਾ ਤੇ ਫੇਰ ਮੇਰੀ ਕੱਲੀ-ਕਾਰੀ ਦੀ ਇੱਜ਼ਤ ਨੂੰ ਹੱਥ ਪਾਵੇਗਾ...ਇਹ ਵੀ ਸਰਦਾਰ ਦੀ ਤਿਕੋਣੀ ਪਲਾਨ ਹੋਵੇਗੀ...ਮੈਂ ਇਹ ਤੇ ਸਰਦਾਰ...ਸਰਦਾਰ ਮੈਂ ਤੇ ਇਹ...ਪਰ ਮੈਂ ਇਨ੍ਹਾਂ ਦੀ ਤਿਕੋਣੀ ਪਲਾਨ ਕਾਮਯਾਬ ਨਹੀਂ ਹੋਣ ਦਿਆਂਗੀ...(ਵਾਲੀਆਂ ਲਾਹੁੰਦੀ ਹੋਈ) ਮੈਂ ਇਸ ਪਾਪ ਦੀ ਕਮਾਈ ਤੇ ਥੁੱਕਦੀ ਵੀ ਨਹੀਂ...ਮੈਂ ਮੇਰੇ ਸਾਰੇ ਵੀਰ ਹੱਥ ਦੀ ਕਮਾਈ ਖਾਣ ਵਾਲੇ ਨੇ। ਇਹ ਸਰਦਾਰ ਆਪ ਵੀ ਵਿਹਲੜ...ਹਰਾਮ ਦੀ ਖਾਣ ਵਾਲੇ ਤੇ ਦੂਜਿਆਂ ਨੂੰ ਵੀ ਹਰਾਮ ਦੀ ਖਾਣ ਦੀ ਆਦਤ ਪਾਉਣਾ ਚਾਹੁੰਦੇ ਨੇ...ਮੈਂ ਇਹ ਨਹੀਂ ਹੋਣ ਦਿਆਂਗੀ...ਕਦੀ ਵੀ ਨਹੀਂ ਹੋਣ ਦਿਆਂਗੀ...ਕਦੀ ਵੀ ਨਹੀਂ ਹੋਣ ਦਿਆਂਗੀ।

*(ਕੈਲਾ ਆਉਂਦਾ ਹੈ। ਜੀਤੋ ਦੀ ਆਖ਼ਰੀ ਗੱਲ ਉਹ ਸੁਣ ਲੈਂਦਾ ਹੈ।)*

ਕੈਲਾ : ਕੀ ਨਹੀਂ ਹੋਣ ਦੇਵੇਂਗੀ ਭਾਬੀ ?

ਜੀਤੋ : ਇਹ ਜਿਹੜਾ ਪਿੰਡ ਵਿਚ ਸਾਰਾ ਰੱਫੜ ਪਿਆ ਹੋਇਆ ਏ...ਉਹਦੇ ਬਾਰੇ ਸੋਚ ਰਹੀ ਸੀ...ਪੰਜ ਦਿਹਾੜੀਆਂ ਹੋ ਗਈਆਂ ਨੇ...ਨਾ ਕੋਈ ਦਿਹਾੜੀ 'ਤੇ ਗਿਆ ਏ...ਨਾ ਕੋਈ ਗੋਹਾ ਕੂੜਾ ਕਰਨ ਗਈ ਏ... ਬਾਲ ਲੱਸੀ ਪੀਣ ਖੁਣੋਂ ਰਹਿ ਗਏ ਨੇ।

ਕੈਲਾ : ਦਿਹਾੜੀ ਤੇ ਤਾਂ ਭਾਬੀ ਹੁਣ ਕੋਈ ਫ਼ੈਸਲਾ ਹੋਵੇਗਾ ਤਾਂ ਹੀ ਜਾਵਾਂਗੇ...ਬਾਕੀ ਤੀਵੀਆਂ ਦੇ ਗੋਹਾ ਕੂੜਾ ਚੁੱਕਣ ਬਾਰੇ ਵੀ ਸੋਚਣਾ ਪਵੇਗਾ...ਅਸੀਂ ਇਨ੍ਹਾਂ ਦਾ ਗੋਹਾ ਕੂੜਾ ਚੁੱਕਦੇ ਰਹੀਏ ਤੇ ਇਹ ਸਾਡੇ ਨਾਲ ਬਦਸਲੂਕੀਆਂ ਕਰਦੇ ਰਹਿਣ...ਸਾਡਾ ਖੇਤਾਂ ਵਿਚ ਵੜਨਾ ਬੰਦ ਕਰ ਦੇਣ...ਮਿਲਖੀ ਬਾਈ ਕਿਥੇ ਗਿਆ ਏ ?

ਜੀਤੋ : ਜਿਥੇ ਜਾਂਦਾ ਹੁੰਦਾ ਏ...ਮਾਇਆ ਵਾਲੀ ਪੱਗ ਬੰਨ੍ਹ ਕੇ।

ਕੈਲਾ : ਦੇਖ ਲੈ ਭਾਬੀ ਐਤਕੀਂ ਅਸੀਂ ਵੋਟ ਸਰਦਾਰਾਂ ਨੂੰ ਨਹੀਂ ਸੀ ਪਾਈ...ਪਰ ਸਰਦਾਰ ਹੀ ਹੁਣ ਸਾਡੀ ਮਦਦ 'ਤੇ ਪਿਆ ਆਉਂਦਾ ਏ...ਉਹਨੇ 45 ਰੁਪਏ ਦਿਹਾੜੀ 'ਤੇ ਚਾਰ ਪੰਜ ਜਣਿਆਂ ਨੂੰ ਲਾ ਵੀ ਲਿਆ ਏ...ਜਦੋਂ ਬਾਕੀ ਜੱਟ ਅੜੇ ਹੋਏ ਨੇ। ਅਸੀਂ ਸਰਪੰਚ ਨੂੰ ਆਪਣੇ ਵੱਲ ਦਾ ਸਮਝਦੇ ਸੀ, ਪਰ ਉਹ ਵੀ ਜੱਟਾਂ ਦਾ ਸਾਥ ਦੇਂਦਾ ਏ।

ਜੀਤੋ : ਇਸ ਤਰ੍ਹਾਂ ਨਾ ਕਹਿ ਵੀਰਾ...ਸਰਦਾਰ ਤੁਹਾਡੀ ਮਦਦ ਲਈ ਨਹੀਂ ਆ ਰਿਹਾ, ਉਹ ਤਾਂ ਆਪਣਾ ਫ਼ਾਇਦਾ ਸੋਚਦਾ ਏ। ਉਹ ਤਾਂ ਚਾਹੁੰਦਾ ਏ, ਤੁਸੀਂ ਦਿਹਾੜੀ 'ਤੇ ਨਾ ਜਾਓ ਤਾਂ ਜੋ ਜੱਟ ਫੇਰ ਉਹਦੀ ਮਸ਼ੀਨ ਲੈ ਕੇ ਵਾਢੀ ਕਰਨ ਤੇ ਉਹ ਉਨ੍ਹਾਂ ਕੋਲੋਂ ਮੂੰਹ ਮੰਗਿਆ ਭਾੜਾ ਲਏ।

ਕੈਲਾ : ਇਹ ਤੈਨੂੰ ਕਿੰਝ ਪਤਾ ਏ ?

ਜੀਤੋ : ਸਰਦਾਰਾਂ ਦਾ ਜਿੰਨਾ ਮੈਨੂੰ ਪਤਾ ਏ...ਹੋਰ ਕਿਸੇ ਨੂੰ ਨਹੀਂ ਪਤਾ, ਉਹ ਇਕ ਕਮੀਨਾ ਬੰਦਾ ਏ।

ਕੈਲਾ : ਪਰ ਮਿਲਖੀ ਬਾਈ ਤਾਂ ਉਹਦੇ ਸੋਹਲੇ ਗਾਉਂਦਾ ਥੱਕਦਾ ਨਹੀਂ।

ਜੀਤੋ : ਇਹੀ ਤਾਂ ਮੈਨੂੰ ਦੁੱਖ ਏ...ਮੇਰੇ ਆਦਮੀ ਦਿਆਂ ਹੱਡਾਂ ਵਿਚ ਉਹਨੇ ਪਾਣੀ ਪਾ ਦਿੱਤਾ ਏ...ਤੁਸੀਂ ਮੇਰੀ ਮੰਨੋ ਜੱਟਾਂ ਨਾਲ ਬੈਠ ਕੇ ਫ਼ੈਸਲਾ ਕਰੋ...ਇਸ ਤਰ੍ਹਾਂ ਤਾਂ ਵਿਹੜੇ ਵਿਚ ਬਾਲ ਭੁੱਖ ਨਾਲ ਮਰ ਜਾਣਗੇ।

ਕੈਲਾ : ਇਸ ਬਾਰੇ ਤਾਂ ਅਸੀਂ ਹਰ ਵੇਲੇ ਸੋਚਦੇ ਹਾਂ, ਪਰ ਬੰਦਿਆਂ ਨੇ ਮੰਨਣਾ ਨਹੀਂ...ਉਹ ਕਹਿੰਦੇ ਨੇ ਇਸ ਵਾਰ ਦੋ ਟੁੱਕ ਫ਼ੈਸਲਾ ਹੋ ਹੀ ਜਾਏ।

ਜੀਤੋ : ਤੂੰ ਉਨ੍ਹਾਂ ਨੂੰ ਸਮਝਾ...ਸਰਪੰਚ ਫੇਰ ਵੀ ਉਨ੍ਹਾਂ ਦਾ ਭਲਾ ਚਾਹੁਣ ਵਾਲਾ ਏ। ਸਰਦਾਰ ਨਹੀਂ...ਸਰਦਾਰ ਤਾਂ ਕਿਸੇ ਦਾ ਭਲਾ ਚਾਹੁੰਣ ਵਾਲਾ ਨਹੀਂ।

ਕੈਲਾ : ਅੱਛਾ, ਮੈਂ ਗੱਲ ਕਰਕੇ ਵੇਖਦਾ ਹਾਂ ਬਾਕੀਆਂ ਨਾਲ।

ਜੀਤੋ : ਮੈਂ ਵੀ ਸਾਰੀ ਗੱਲ ਕਰਾਂਗੀ...ਤੂੰ ਮੇਰੀਆਂ ਗੱਲਾਂ ਦਾ ਧਿਆਨ ਰੱਖੀਂ।

ਕੈਲਾ : ਅੱਛਾ (ਜਾਂਦਾ ਹੈ) ਜੀਤੋ ਦੂਜੇ ਪਾਸੇ ਜਾਂਦੀ ਹੈ।

## ਦੂਸਰਾ ਸੀਨ

[ਪਿੰਡ ਦੀ ਸੱਥ]

ਲੱਖਾ ਸਿੰਘ : ਦੇਖੋ ਸਰਪੰਚ ਜੀ ਇਸ ਤਰ੍ਹਾਂ ਤਾਂ ਇਹ ਵਿਹੜੇ ਵਾਲੇ ਸਿਰੇ ਹੀ ਚੜ੍ਹਦੇ ਜਾਣਗੇ। ਭਈਏ ਨਹੀਂ ਆਏ ਤਾਂ ਇਹਦਾ ਇਹ ਮਤਲਬ ਨਹੀਂ ਕਿ ਇਨ੍ਹਾਂ ਨੂੰ ਮੂੰਹ ਮੰਗੀ ਦਿਹਾੜੀ ਦੇ ਦੇਵੋ।

ਸਰਪੰਚ : ਮੂੰਹ ਮੰਗੀ ਨਾ ਦੇਵੋ...ਪਰ ਫ਼ੈਸਲਾ ਤਾਂ ਕਰਨਾ ਹੀ ਪੈਣਾ ਏ...ਸਾਰੇ ਦਿਹਾੜੀਏ ਹੜਤਾਲ 'ਤੇ ਬੈਠੇ ਨੇ। ਫ਼ਸਲਾਂ ਇਸ ਤਰ੍ਹਾਂ ਖੇਤਾਂ ਵਿਚ ਖਲੋਤੀਆਂ ਰਹਿਣ ਤਾਂ ਵੀ ਤਬਾਹੀ ਏ।

ਲੱਖਾ ਸਿੰਘ : ਹੜਤਾਲ ਖੁਲਵਾਉਣ ਦਾ ਫੇਰ ਹੋਰ ਤਰੀਕਾ ਵੀ ਅਸੀਂ ਜਾਣਦੇ ਹਾਂ।

ਸਰਪੰਚ : ਕੀ ?

ਲੱਖਾ ਸਿੰਘ : ਅਸੀਂ ਵੀ ਉਨ੍ਹਾਂ ਦਾ ਬਾਈਕਾਟ ਕਰਾਂਗੇ...ਆਪਣੇ ਖੇਤਾਂ ਵਿਚ ਉਨ੍ਹਾਂ ਦਾ ਜੰਗਲ ਪਾਣੀ ਬੰਦ ਕਰਾਂਗੇ ਤਾਂ ਹੀ ਉਨ੍ਹਾਂ ਨੂੰ ਸੁਰਤ ਆਏਗੀ। ਬਾਕੀ ਰਹੀ ਫ਼ਸਲਾਂ ਦੀ ਗੱਲ, ਹੁਣ ਸਰਦਾਰਾਂ ਦੀ ਕੰਬਾਇਨ ਪਿੰਡ ਵਿਚ ਆ ਗਈ ਏ...ਤੂੜੀ ਦਾ ਨੁਕਸਾਨ ਹੋਵੇਗਾ ਹੀ, ਪਰ ਇਨ੍ਹਾਂ ਕੰਮੀਆਂ ਦੇ ਥੱਲੇ ਅਸੀਂ ਨਹੀਂ ਲੱਗ ਸਕਦੇ।

ਸਰਪੰਚ : ਲੱਖਾ ਸਿਆਂ...ਇਹ ਕਿਉਂ ਭੁੱਲਦੇ ਹੋ ਇਨ੍ਹਾਂ ਕੰਮੀਆਂ ਨਾਲ ਸਾਡੀ ਤੁਹਾਡੀ ਪੁਸ਼ਤਾਂ ਤੋਂ ਸਾਂਝ ਏ...ਇਹ ਧਰਤੀ ਸਾਨੂੰ ਵੀ ਰੋਟੀ ਦੇਂਦੀ ਏ, ਇਹ ਧਰਤੀ ਉਨ੍ਹਾਂ ਨੂੰ ਵੀ ਰੋਟੀ ਦੇਂਦੀ ਏ। ਜਲਦਬਾਜ਼ੀ ਵਿਚ ਆ ਕੇ ਸਾਨੂੰ ਇਹ ਸਾਂਝ ਨਹੀਂ ਤੋੜਨੀ ਚਾਹੀਦੀ।

ਲੱਖਾ ਸਿੰਘ : ਪਰ ਚਾਚਾ ਇਹ ਵੀ ਤਾਂ ਹਨੇਰਗਰਦੀ ਏ ਕਿ ਸਿੱਧਾ ਤੀਹ ਤੋਂ ਪੰਜਤਾਲੀ ਰੁਪਏ ਦੀ ਦਿਹਾੜੀ ਮੰਗਣੀ ਸ਼ੁਰੂ ਕਰ ਦੇਣ।

ਸਰਪੰਚ : ਮੈਨੂੰ ਤਾਂ ਲਗਦੈ ਉਹ ਕਿਸੇ ਦੀ ਚੁੱਕ 'ਤੇ ਇਹ ਕਰ ਰਹੇ ਨੇ...ਜੇਕਰ ਅਸੀਂ ਥੋੜ੍ਹੀ ਜਿਹੀ ਸਿਆਣਪ ਵਰਤੀਏ ਤਾਂ ਸਭ ਠੀਕ ਹੋ ਜਾਏ।

ਲੱਖਾ ਸਿੰਘ : ਚੁੱਕ ਚੁਕਾ ਦਾ ਕੀ ਮਤਲਬ ਏ ?

ਸਰਪੰਚ : ਮੈਨੂੰ ਤਾਂ ਇਹ ਸਭ ਸਰਦਾਰ ਦੀ ਚਾਲ ਲਗਦੀ ਏ।

ਲੱਖਾ ਸਿੰਘ : ਉਹ ਕਿੰਝ ?

ਸਰਪੰਚ : ਤੂੰ ਇਹ ਤਾਂ ਜਾਣਦਾ ਏਂ ਕਿ ਸਰਦਾਰਾਂ ਪਾਸ ਸਰਦਾਰਾਂ ਦਾ ਬੰਦਾ ਏ ਤੇ ਇਹ ਵੀ ਜਾਨਦਾ ਏ ਕਿ ਮਿਲਖੀ ਵਿਹੜੇ ਵਾਲਾ ਵੀ ਹਰ ਵੇਲੇ ਸਰਦਾਰ ਦੀ ਕੋਠੀ ਵੜਿਆ ਰਹਿੰਦਾ ਏ।

ਲੱਖਾ ਸਿੰਘ : ਆਹੋ...ਉਹਦਾ ਨਸ਼ਾ ਪਾਣੀ ਸਰਦਾਰ ਦੇ ਪੱਲੇ ਤੋਂ ਚਲਦਾ ਏ।

ਸਰਪੰਚ : ਤੇ ਸਰਦਾਰ ਨਸ਼ਾ ਪਾਣੀ ਐਵੇਂ ਤਾਂ ਕਰਵਾਉਂਦਾ ਨਹੀਂ...ਕੋਈ ਨਾ ਕੋਈ ਕੰਮ ਉਹਨੇ ਲੈਣਾ ਹੁੰਦਾ ਏ। ਇਹ ਕੱਲ੍ਹ ਰਾਤ ਦੀ ਗੱਲ ਏ ਮਿਲਖੀ ਸਰਦਾਰੇ ਹੋਰਾਂ ਨਾਲ ਬੈਠਾ ਦੇਰ ਤਕ ਪੀਂਦਾ ਰਿਹਾ। ਸਰਦਾਰੇ ਤੇ ਮਿਲਖੀ ਨੂੰ ਜਦੋਂ ਮੈਂ ਕੱਠਿਆਂ ਵੇਖਿਆ...ਮੈਨੂੰ ਤਾਂ ਓਦੋਂ ਹੀ ਖੁਟਕ ਗਈ ਕਿ ਦਾਲ ਵਿਚ ਕੁਝ ਕਾਲਾ ਏ...ਤੁਸੀਂ ਇੰਝ ਕਰੋ ਸਾਰੇ ਜੱਟਾਂ ਨੂੰ ਇਕੱਠੇ ਕਰੋ...ਕੋਈ ਨਾ ਕੋਈ ਹੱਲ ਲੱਭਾਂਗੇ।

ਲੱਖਾ ਸਿੰਘ : ਚਾਚਾ ਵਿਹੜੇ ਵਾਲੇ ਤੇਰੇ ਅਸਰ ਥੱਲੇ ਨੇ...ਜੇ ਤੂੰ ਸਮਝਾ ਸਕਦਾ ਏਂ ਤਾਂ ਸਮਝਾ ਲੈ...ਨਹੀਂ ਤਾਂ ਫੇਰ ਸਾਨੂੰ ਰਾਹ ਲੱਭਣਾ ਪੈਣਾ ਏ।

*(ਕੈਲਾ ਆਉਂਦਾ ਹੈ।)*

ਕੈਲਾ : ਨਾ ਰਾਹ ਸਾਰੇ ਤੁਹਾਨੂੰ ਹੀ ਆਉਂਦੇ ਨੇ...ਸਾਨੂੰ ਨਹੀਂ ਆਉਂਦੇ ?

ਲੱਖਾ ਸਿੰਘ : ਮੈਂ ਤੈਨੂੰ ਨਹੀਂ ਕੁਝ ਕਿਹਾ...ਆਉਂਦਿਆਂ ਹੀ ਹਲਕਿਆਂ ਵਾਂਗ ਸ਼ੁਰੂ ਹੋ ਗਿਆ ਏਂ।

ਕੈਲਾ : ਹਰ ਇਕ ਗੱਲ ਦੀ ਹੱਦ ਹੁੰਦੀ ਏ...ਇਹ ਠੀਕ ਹੈ ਜ਼ਮੀਨਾਂ ਦੇ ਮਾਲਕ ਤੁਸੀਂ ਜੇ...ਪਰ ਇਹਦਾ ਇਹ ਮਤਲਬ ਨਹੀਂ ਸਾਡੇ ਰਿਜਕ ਦੇ ਮਾਲਕ ਵੀ ਤੁਸੀਂ ਹੋ।

ਲੱਖਾ ਸਿੰਘ : ਓਏ ਜੇ ਅਸੀਂ ਤੁਹਾਨੂੰ ਕੰਮ ਨਾ ਦੇਈਏ ਤਾਂ ਭੁੱਖੇ ਮਰ ਜਾਓ।

ਕੈਲਾ : ਤੇ ਜੇ ਅਸੀਂ ਤੁਹਾਡੇ ਕੰਮ ਨਾ ਕਰੀਏ ਤਾਂ ਫ਼ਸਲਾਂ ਤੁਹਾਡੀਆਂ ਖੜੀਆਂ ਖਲੋਤੀਆਂ ਰਹਿਣ। ਇਹ ਤੁਹਾਡੀਆਂ ਸਰਦਾਰੀਆਂ ਸਾਡੇ ਸਿਰ 'ਤੇ ਨੇ।

ਲੱਖਾ ਸਿੰਘ : ਵੇਖੇ ਹੋਏ ਨੇ ਤੁਸੀਂ ਵੱਡੇ ਰਿਜ਼ਕ ਦਾਤੇ...ਜੂਠਾਂ ਖਾਣ ਵਾਲੇ।

ਕੈਲਾ : ਜੂਠਾਂ ਜਿਹੜੀਆਂ ਖਾਣੀਆਂ ਸਨ...ਖਾ ਲਈਆਂ, ਹੁਣ ਤਾਂ ਅਸੀਂ ਤੁਹਾਡੀਆਂ ਸੁੱਚੀਆਂ 'ਤੇ ਵੀ ਨਹੀਂ ਥੁੱਕਦੇ।

ਸਰਪੰਚ : ਓਏ ਤੁਹਾਨੂੰ ਕੀ ਕਮਲ ਕੁੱਦਿਆ ਹੋਇਆ ਏ...ਚੱਜ ਦੀ ਗੱਲ ਕਰੋ। ਮੇਹਣੇ-ਬਾਜ਼ੀਆਂ ਪਏ ਕਰਦੇ ਹੋ...ਇੰਝ ਨਹੀਂ ਕਿਸੇ ਗੱਲ ਦਾ ਫ਼ੈਸਲਾ ਹੁੰਦਾ।

ਲੱਖਾ ਸਿੰਘ : ਫ਼ੈਸਲਾ ਤਾਂ ਚਾਚਾ ਇਨ੍ਹਾਂ ਨਾਲ ਹੁਣ ਹੋਰ ਤਰ੍ਹਾਂ ਹੀ ਹੋਏਗਾ...ਅਸੀਂ ਕੋਈ ਕਮੀਨ ਆਂ, ਜਿਹੜੇ ਇਨ੍ਹਾਂ ਵੱਡੇ ਸ਼ਾਹਾਂ ਕੋਲ ਖੈਰ ਮੰਗਣ ਜਾਈਏ ਕਿ ਸ੍ਰੀਮਾਨ ਜੀ, ਸਾਡੇ ਖੇਤ ਵਿਚ ਕੰਮ ਕਰਨ ਆਓ...ਅਸੀਂ ਮਾਲਕ ਹਾਂ ਪਿੰਡ ਦੇ, ਸਾਰਾ ਸਾਲ ਇਹ ਸਾਡਿਓਂ ਕੱਖ ਪੱਠਾ ਢੋਂਦੇ ਆ....ਸਾਗ ਭਾਜੀ ਤੋੜਦੇ ਆ...ਲੱਸੀ ਪਾਣੀ ਲਿਜਾਂਦੇ ਆ।

ਕੈਲਾ : ਇਹ ਕੱਖ, ਪੱਠਾ, ਸਾਗ, ਭਾਜੀ, ਲੱਸੀ, ਪਾਣੀ ਆਪਣੀ ਗਰਜ਼ ਨਾਲ ਦੇਂਦੇ ਹੋ...ਕੋਈ ਦਾਨ ਨਹੀਂ ਦੇਂਦੇ। ਜ਼ਮੀਨਾਂ ਤੁਹਾਡੀਆਂ,

ਮੇਹਨਤ ਸਾਡੀ...ਇਸ ਲਈ ਬਰਾਬਰ ਦੇ ਹਿੱਸੇਦਾਰ ਹਾਂ। ਦਿਹਾੜੀ ਲਵਾਂਗੇ ਪੂਰੀ, ਰੋਟੀ ਖਾਵਾਂਗੇ ਆਪਣੀ। ਕੱਖ ਪੱਠਾ ਲਵਾਂਗੇ ਤਾਂ ਪਹਿਲਾਂ ਮਿੱਥ ਕੇ ਲਵਾਂਗੇ...ਡੰਗਰ ਵੱਛਾ ਰੱਖਾਂਗੇ ਆਪਣਾ...ਲੱਸੀ ਪਾਣੀ ਪੀਵਾਂਗੇ ਆਪਣਾ...ਅਸੀਂ ਆਪਣੇ ਡੰਗਰ ਵੱਛੇ ਦਾ ਗੋਹਾ ਕੂੜਾ ਸਾਂਭਾਂਗੇ ਆਪ ਤੇ ਤੁਹਾਡੇ ਡੰਗਰ ਵੱਛੇ ਦਾ ਗੋਹਾ ਕੂੜਾ ਸਾਂਭੋਗੇ ਤੁਸੀਂ ਆਪ...ਫੇਰ ਪਤਾ ਲੱਗੇਗਾ ਕਿਸ ਭਾਅ ਵਿਕਦੀ ਏ।

ਲੱਖਾ ਸਿੰਘ : ਤੇ ਤੁਹਾਡਾ ਵੀ ਲੱਸੀ ਪਾਣੀ ਜਦੋਂ ਬੰਦ ਹੋ ਗਿਆ ਤੇ ਭਾਅ ਤੁਹਾਨੂੰ ਵੀ ਪਤਾ ਲੱਗ ਜਾਏਗਾ...ਵੱਡੇ ਸ਼ਾਹ।

ਕੈਲਾ : ਜੇ ਸ਼ਾਹ ਅਸੀਂ ਨਹੀਂ ਤਾਂ ਸ਼ਾਹ ਤੁਸੀਂ ਵੀ ਨਹੀਂ...ਜਾਓ ਜਾ ਕੇ ਵੇਖੋ ਵਹੀਆਂ ਤੇ ਆਪਣੇ ਵਡੇਰਿਆਂ ਦੇ ਗੂਠੇ ਲੱਗੇ...ਨੰਗ ਕਿਸੇ ਥਾਂ ਦੇ... ਪੰਜ ਕਿੱਲੇ ਜ਼ਮੀਨ ਤੇ ਆਕੜੇ ਫਿਰਦੇ ਨੇ...ਇਹ ਨਹੀਂ ਪਤਾ ਕਿ ਕੱਲ ਪੰਜ ਸ਼ਰੀਕਾਂ ਵਿਚ ਇਹ ਵੰਡੀ ਜਾਣੀ ਏ।

ਲੱਖਾ ਸਿੰਘ : ਵੰਡੀ ਜਾਣੀ ਏ ਤਾਂ ਤੁਹਾਡੇ ਕੋਲੋਂ ਮੰਗਣ ਨਹੀਂ ਆਉਣ ਲੱਗੇ।

ਕੈਲਾ : ਬੱਚੂ ਜਿਹੜੀਆਂ ਇਹ ਵਿਹਲੀਆਂ ਖਾਣ ਗਿੱਝ ਗਏ ਹੋ...ਅਖ਼ੀਰ ਤੁਹਾਨੂੰ ਮੰਗਣ ਆਉਣਾ ਪੈਣਾ ਏ...।

ਲੱਖਾ ਸਿੰਘ : ਚਾਚਾ ਸਮਝਾ ਲੈ ਇਹਨੂੰ...ਮੈਂ ਲਿਹਾਜ ਪਿਆ ਕਰਦਾ ਹਾਂ। ਇਹ ਕੁਜਾਤ ਅੱਗੇ ਹੀ ਵਧਦੀ ਜਾਂਦੀ ਏ।

ਕੈਲਾ : ਇਹ ਕੁਜਾਤ ਕੀਹਨੂੰ ਆਖਿਆ...ਇਕ ਵਾਰੀ ਫੇਰ ਕਹਿ...ਮੈਂ ਸਿਰ ਨਾ ਪਾੜ ਦੇਵਾਂ।

ਲੱਖਾ ਸਿੰਘ : ਇਕ ਵਾਰੀ ਕੀ ਸੌ ਵਾਰੀ ਕਹਾਂਗਾ—ਕੁਜਾਤ...ਕੁਜਾਤ...।

*(ਬੜਕ ਮਾਰਦਾ ਹੈ।)*

ਕੈਲਾ : ਠਹਿਰ ਜਾ ਤੇਰੀ ਭੈਣ ਦੀ...

*(ਸਰਪੰਚ ਵਿਚ ਪੈ ਕੇ ਲੱਖਾ ਸਿੰਘ ਨੂੰ ਪਰ੍ਹੇ ਕਰਦਾ ਹੈ। ਕੈਲਾ ਬੜਕ ਮਾਰਦਾ ਹੈ। ਜਦੋਂ ਪਿੱਠ ਕਰਦਾ ਹੈ ਤਾਂ ਲੱਖਾ ਬੜਕ ਮਾਰਦਾ ਹੈ। ਇਹ ਲੜਾਈ ਚੰਗੀ ਗਰਮ ਹੁੰਦੀ ਹੈ। 'ਸਾਲਿਆ ਤੈਨੂੰ ਬੰਦੂਕ ਨਾਲ ਉਡਾਊ'' ਕਹਿੰਦਾ ਲੱਖਾ ਜਾਂਦਾ ਹੈ।)*

ਸਰਪੰਚ : ਓਏ ਮੂਰਖੋ ਤੁਹਾਨੂੰ ਕੀ ਹੋਇਆ ਏ ?

ਕੈਲਾ : ਚਾਚਾ ਤੂੰ ਵਿਚ ਐਵੇਂ ਪਿਆ...ਵੇਖ ਲੈਂਦਾ ਵੱਡੇ ਅੱਤਵਾਦੀ ਨੂੰ।

ਲੱਖਾ ਸਿੰਘ : (ਫੇਰ ਮੁੜ ਕੇ ਆਉਂਦਾ ਹੈ) ਓਏ ਅੱਤਵਾਦੀ ਬਣ ਕੇ ਤੈਨੂੰ ਦਿਖਾ ਦੇਵਾਂਗਾ...ਲਾਸ਼ ਤੇਰੀ ਰੜੇ ਨਾ ਰੁਲੀ ਤਾਂ ਆਖੀ।

*(ਸਰਪੰਚ ਲੱਖੇ ਨੂੰ ਵਾਪਸ ਧੱਕਦਾ ਹੈ। ਮਿਲਖੀ ਆ ਕੇ ਕੈਲੇ ਨੂੰ ਪਿੱਛੋਂ ਜੱਫਾ ਪਾਉਂਦਾ ਹੈ।)*

ਮਿਲਖੀ : ਓਏ ਕੈਲਿਆ...ਹੋਸ਼ ਕਰ ਕੀ ਹੋਇਆ ਏ ਤੈਨੂੰ ?

ਕੈਲਾ : ਮੈਨੂੰ ਕੀ ਹੋਣਾ ਏ...ਇਹੀ ਬਹੁਤੇ ਆਫਰੇ ਹੋਏ ਨੇ।

ਲੱਖਾ ਸਿੰਘ : (ਫੇਰ ਮੁੜਦਾ ਹੋਇਆ) ਤੈਨੂੰ ਦੱਸ ਦੇਵਾਂਗੇ ਕੌਣ ਆਫਰਿਆ ਹੋਇਆ ਏ।

*(ਸਰਪੰਚ ਫੇਰ ਉਹਨੂੰ ਪਰ੍ਹੇ ਧੱਕਦਾ ਹੈ। ਮਿਲਖੀ ਜਾ ਕੇ ਹੱਥ ਜੋੜਦਾ ਏ—'ਜਾਹ ਭਾਈਆ ਤੁਸੀਂ ਹੀ ਵੱਡੇ'। ਹੁਣ ਲੱਖਾ ਸਿੰਘ ਚਲਾ ਜਾਂਦਾ ਹੈ।)*

ਸਰਪੰਚ : ਜਿਸ ਗੱਲ ਦਾ ਡਰ ਸੀ, ਓਹੀ ਹੋ ਕੇ ਹਟੀ, ਹੁਣ ਇਹ ਜਾ ਕੇ ਜੱਟਾਂ ਨੂੰ ਚੁੱਕੇਗਾ, ਜੇ ਫ਼ੈਸਲਾ ਹੋਣਾ ਸੀ, ਉਹ ਨਹੀਂ ਹੋ ਸਕਣਾ।

ਮਿਲਖੀ : ਸਰਪੰਚਾ...ਅਸੀਂ ਆਪਣੀ ਇੱਜ਼ਤ ਵੇਚ ਕੇ ਫ਼ੈਸਲਾ ਨਹੀਂ ਕਰਨਾ।

ਕੈਲਾ : ਨਾ ਬਾਈ...ਤੂੰ ਉਹਦੇ ਅੱਗੇ ਜਾ ਕੇ ਹੱਥ ਕਿਉਂ ਜੋੜੇ।

ਮਿਲਖੀ : ਨਾ ਹੋਰ ਸਿਰ ਪਾੜ ਜਾਂਦੇ ਤਾਂ ਚੰਗੇ ਰਹਿੰਦੇ।

ਕੈਲਾ : ਪਾੜ ਜਾਣ ਦੇਂਦਾ ਸਿਰ...ਹੁਣ ਉਹਨੂੰ ਮੇਰੀਆਂ ਜਾਂ ਆਪਣੀਆਂ ਕਹੀਆਂ ਗੱਲਾਂ ਤਾਂ ਯਾਦ ਨਹੀਂ ਰਹਿਣੀਆਂ...ਪਰ ਤੇਰੇ ਹੱਥ ਜੋੜੇ ਯਾਦ ਰਹਿਣੇ ਨੇ...ਜਾ ਕੇ ਸੱਥ ਵਿਚ ਬੜਕਾਂ ਮਾਰੇਗਾ...ਮੈਂ ਤਾਂ ਕੈਲੇ ਨੂੰ ਥਾਂ ਸਿਰ ਚਿੱਤ ਕਰ ਦੇਣਾ ਸੀ, ਜੇਕਰ ਵਿਹੜੇ ਵਾਲਾ ਮਿਲਖੀ ਹੱਥ ਨਾ ਜੋੜਦਾ।

ਮਿਲਖੀ : ਓਏ ਦੇਖੋ ਲੋਕੋ...ਅੱਜ ਰਿਹਾ ਕੋਈ ਭਲੇ ਦਾ ਜ਼ਮਾਨਾ...ਮੈਂ ਵਿਚ ਪੈ ਕੇ ਲੜਾਈ ਮੁਕਾਈ ਏ...ਤੇ ਮੈਨੂੰ ਹੀ ਬੁਰਾ ਭਲਾ ਕਹਿਣ ਲੱਗ ਪਿਆ ਏ।

ਸਰਪੰਚ : ਓਏ ਜਾਓ ਆਪਣੇ ਘਰ...ਹੋਰ ਕਿਸੇ ਦਾ ਸਿਰ ਪਾੜ ਜਾਂਦਾ ਤਾਂ ਥਾਣੇ ਨੇ ਆ ਚੜ੍ਹਨਾ ਸੀ...ਦੋਨਾਂ ਦਾ ਫ਼ੌਜਦਾਰੀ ਦਾ ਪਰਚਾ ਕੱਟਿਆ ਜਾਣਾ ਸੀ ਤੇ ਮੇਰੀ ਗਵਾਹੀਆਂ ਵਿਚ ਵੱਖ ਖੱਜਲ ਖਰਾਬੀ ਹੋਣੀ ਸੀ।

ਮਿਲਖੀ : ਚੱਲ ਓਏ ਕੈਲਿਆ ਘਰ...ਗੁੱਸਾ ਥੁੱਕ ਦੇ। ਸਮਝ ਲੈ ਮੇਰੇ ਕੋਲੋਂ ਗ਼ਲਤੀ ਹੋਈ ਏ।

*(ਮਿਲਖੀ ਕੈਲੇ ਨੂੰ ਲੈ ਜਾਂਦਾ ਹੈ।)*

ਸਰਪੰਚ : ਮੈਂ ਤਾਂ ਸਰਪੰਚੀ ਸਾਂਭੀ ਸੀ ਕਿ ਸਾਰੇ ਰਲ ਮਿਲ ਕੇ ਪਿੰਡ ਦਾ ਕੁਝ ਸੁਆਰਾਂਗੇ, ਪਰ ਇਥੇ ਕੋਈ ਨਾ ਕੋਈ ਬਿਪਤਾ ਪਈ ਰਹਿੰਦੀ ਏ। ਪਿਛਲੇ ਸਾਲ ਦੋ ਭਈਏ ਮਾਰੇ ਗਏ...ਥਾਣਾ ਚੜ੍ਹਿਆ ਰਿਹਾ ਕਿ ਅੱਤਵਾਦੀ ਪਿੰਡ ਵਿਚ ਲੁਕੇ ਹੋਏ ਨੇ...ਹੁਣ ਇਹ ਦਿਹਾੜੀਆਂ ਵਾਲਿਆਂ ਦੀ ਬਿਪਤਾ ਪੈ ਗਈ ਏ...ਪਤਾ ਨਹੀਂ, ਪਿੰਡ ਨੂੰ ਕਿਸ

ਸਰਾਪ ਦੇ ਦਿੱਤਾ ਏ। ਪਿੰਡ ਨੂੰ ਨਹੀਂ...ਹੁਣ ਤੇ ਇੰਝ ਲੱਗਦਾ ਏ, ਸਾਰੀ ਧਰਤੀ ਹੀ ਸਰਾਪੀ ਗਈ ਏ...ਕੋਈ ਸ਼ੈਤਾਨ ਦੀ ਰੂਹ ਆ ਵੜੀ ਏ ਪਿੰਡ ਵਿਚ...।

ਜੀਤੋ : (ਆਉਂਦੇ ਹੋਏ) ਸਰਪੰਚ ਜੀ...ਇਹ ਸ਼ੈਤਾਨ ਦੀ ਰੂਹ ਨਵੀਂ ਨਹੀਂ... ਇਹ ਪਹਿਲੇ ਹੀ ਇਥੇ ਵੇ।

ਸਰਪੰਚ : ਜੀਤ ਕੌਰੇ ਕੀ ਗੱਲ ਏ...ਕਿਹੜੀ ਏ ਸ਼ੈਤਾਨ ਦੀ ਰੂਹ ?

ਜੀਤੋ : ਸਰਪੰਚ ਜੀ...ਇਹ ਸਾਰੀ ਅੱਗ ਸਰਦਾਰ ਦੀ ਲਗਾਈ ਹੋਈ ਏ...ਹੁਣ ਤੁਹਾਡੇ ਕੋਲ ਕੀ ਲੁਕਾਅ...ਮੇਰਾ ਆਪਣਾ ਆਦਮੀ ਉਹਦਾ ਵਿਕਿਆ ਹੋਇਆ...ਉਹ ਤੇ ਸਰਦਾਰਾ ਰਲ ਕੇ ਦੋਨੋਂ ਪਾਸੇ ਲੂਤੀ ਲਾ ਰਹੇ ਨੇ...(ਇਧਰ ਉਧਰ ਵੇਖ ਕੇ) ਕਿਧਰੇ ਕੋਈ ਵੇਖ ਨਾ ਲਏ...ਇਸ ਲਈ ਮੈਂ ਚਲਦੀ ਹਾਂ। ਪਰ ਇਕ ਗੱਲ ਸਾਫ਼ ਏ...ਇਹ ਅੱਗ ਸਾਰੀ ਸਰਦਾਰ ਦੀ ਲਾਈ ਹੋਈ ਏ...ਦੋਨੋਂ ਪਾਸੇ ਇਹ ਗੱਲ ਸਮਝਾਉਣ ਵਾਲੀ ਏ...ਤੁਸੀਂ ਪਹਿਲਾਂ ਸਾਡੇ ਵਿਹੜੇ ਵਿਚ ਗੱਲ ਸ਼ੁਰੂ ਕਰੋ...ਮੈਂ ਵੀ ਉਥੇ ਗੱਲ ਕਰਾਂਗੀ।

ਸਰਪੰਚ : ਅੱਛਾ...ਤੂੰ ਚੱਲ, ਮੈਂ ਦੁਪਹਿਰੀ ਆਵਾਂਗਾ।

*(ਜੀਤੋ ਇਕ ਪਾਸੇ ਜਾਂਦੀ ਹੈ ਤੇ ਸਰਪੰਚ ਦੂਸਰੇ ਪਾਸੇ ਜਾਂਦਾ ਹੈ।)*

## ਤੀਸਰਾ ਸੀਨ

[ਸਰਦਾਰ ਦੀ ਬੈਠਕ]

ਸਰਦਾਰ : ਫੇਰ ਮਿਲਖੀ ਗੱਲ ਕਿਥੋਂ ਤਕ ਪੁੱਜੀ ਹੈ।

ਮਿਲਖੀ : ਜਿਥੇ ਅਸੀਂ ਪਹੁੰਚਾਉਣਾ ਚਾਹੁੰਦੇ ਸੀ।

ਸਰਦਾਰ : ਕੀ ਮਤਲਬ ?

ਮਿਲਖੀ : ਮਤਲਬ ਕਿ ਦੋਨੋਂ ਧਿਰਾਂ ਪੂਰੀ ਤਰ੍ਹਾਂ ਲੜਨ 'ਤੇ ਆ ਜਾਣ...ਪਰ ਲੜਨ ਨਾ।

ਸਰਦਾਰ : ਸਮਝਿਆ ਨਹੀਂ।

ਮਿਲਖੀ : ਸਰਦਾਰ ਜੀ...ਜੋ ਲੜਨ 'ਤੇ ਆ ਜਾਣ...ਪਰ ਲੜਨ ਨਾ ਭਾਵ ਸਿਰ ਪਾੜਨ 'ਤੇ ਆ ਜਾਣ ਪਰ ਪਾੜਨ ਨਾ ਤਾਂ ਚੌਧਰ ਹੋਵੇਗੀ ਸਾਡੇ ਕੋਲ...ਪਰ ਜੇਕਰ ਸਿਰ ਪਾੜ ਜਾਵੇ ਤੇ ਫੇਰ ਚੌਧਰ ਚਲੀ ਜਾਏਗੀ ਥਾਣੇਦਾਰ ਕੋਲ। ਸੋ ਗੱਲ ਪੁਚਾਈ ਹੈ ਉਥੋਂ ਤਕ ਕਿ ਚੌਧਰ ਸਾਡੇ ਕੋਲ ਹੀ ਰਹੇ...ਜੱਟਾਂ ਵਿਚੋਂ ਲੱਖੇ ਨੂੰ ਤੇ ਵਿਹੜੇ ਵਾਲਿਆਂ ਵਿਚੋਂ ਕੈਲੇ ਨੂੰ ਆਪਸ ਵਿਚ ਭਿੜਾ ਦਿੱਤਾ ਏ...ਪਰ ਜਦੋਂ ਸਿਰ ਪਾਟਣ 'ਤੇ ਆ ਗਿਆ, ਉਦੋਂ ਉਨ੍ਹਾਂ ਨੂੰ ਛੁਡਾ ਦਿੱਤਾ ਏ...ਤਾਂ ਜੋ ਦੋਨੋਂ ਲੋਹੇ

ਲਾਖੇ ਹੋ ਕੇ ਆਪਣੀਆਂ ਧਿਰਾਂ ਕੋਲ ਪੁੱਜਣ...ਗੱਲ ਨੂੰ ਗਰਮ ਕਰਨ ਤੇ ਸਰਪੰਚ ਵਰਗੇ ਜੇਕਰ ਸੁਲਾਹ ਵੀ ਕਰਵਾਉਣਾ ਚਾਹੁਣ ਤਾਂ ਉਲਟੀਆਂ ਜੁੱਤੀਆਂ ਉਨ੍ਹਾਂ ਨੂੰ ਵੱਜਣ।

ਸਰਦਾਰ : ਬਸ ਮਿਲਖੀ...ਮੈਂ ਇਹੋ ਚਾਹੁੰਦਾ ਸੀ। ਸਰਪੰਚ ਨੂੰ ਪੂਰੀ ਤਰ੍ਹਾਂ ਨੀਵਾਂ ਵਿਖਾਇਆ ਜਾਏ...ਤਾਂ ਜੋ ਦੁਨੀਆ ਜਾਣ ਜਾਏ ਕਿ ਪਿੰਡ ਦਾ ਮਾਲਕ ਸਰਦਾਰ ਏ...ਉਹ ਟੱਟ-ਪੂੰਜੀਆ ਸਰਪੰਚ ਨਹੀਂ।

ਮਿਲਖੀ : ਸਰਪੰਚ ਦੀ ਹਾਲਤ ਤਾਂ ਸਰਦਾਰ ਜੀ ਉਥੇ ਦੇਖਣ ਵਾਲੀ ਸੀ...ਉਹ ਹੱਥ ਜੋੜੇ ਕਦੀ ਕੈਲੇ ਅੱਗੇ...ਕਦੀ ਲੱਖੇ ਅੱਗੇ। ਪਰ ਉਹਦੀ ਕੋਈ ਨਾ ਸੁਣੇ...ਇਹ ਤਾਂ ਮੈਂ ਦਬਕਾ ਮਾਰਿਆ...ਦੋਨੋਂ ਥਾਂ ਸਿਰ ਖਲੋ ਗਏ। ਆਖਣ ਬਾਈ ਮਿਲਖੀ ਅਸੀਂ ਤੇਰੇ ਤਾਂ ਹੱਥ ਬੱਧੇ ਗੁਲਾਮ ਹਾਂ...ਇਕ ਗੱਲ ਜੇ ਸਰਦਾਰ ਜੀ...ਮੈਂ ਵਿਹੜੇ ਵਾਲਿਆਂ ਵਿਚ ਆਪਣਾ ਕੰਮ ਪੂਰੀ ਤਰ੍ਹਾਂ ਕਰ ਦਿੱਤਾ ਏ...ਪਰ ਜੱਟਾਂ ਵਿਚ ਸਰਦਾਰੇ ਦਾ ਕੰਮ ਜ਼ਰਾ ਢਿੱਲਾ ਏ।

ਸਰਦਾਰ : ਸਹੁਰੀ ਦਾ ਪੀ ਬਹੁਤ ਲੈਂਦਾ ਏ...ਅੱਜ ਉਹਨੂੰ ਪੁੱਛਦਾ ਆਂ।

ਮਿਲਖੀ : ਰਾਤੀਂ ਮੈਨੂੰ ਵੀ ਪਿਆਉਣ ਲਈ ਉਹਨੇ ਬੜਾ ਜ਼ੋਰ ਲਾਇਆ...ਪਰ ਮੈਂ ਆਖਿਆ—ਮੈਂ ਨਹੀਂ ਪੀਣੀ...ਜੇ ਪੀ ਲੈਂਦਾ ਤਾਂ ਫੇਰ ਵਿਹੜੇ ਵਿਚ ਮੇਰੀ ਗੱਲ ਕਿੰਨੇ ਸੁਣਨੀ ਸੀ।

ਸਰਦਾਰ : ਮਿਲਖੀ ਸਿਆਣੇ ਬੰਦੇ ਦੀ ਨਿਸ਼ਾਨੀ ਹੀ ਇਹੋ ਵੇ ਕਿ ਸਮੇਂ ਸਿਰ ਪੀਵੇ...ਸਮੇਂ ਸਿਰ ਸੋਫੀ ਹੋ ਜਾਵੇ...ਬਾਕੀ ਜਿਹੜੀ ਸਾਡੀ ਪਲਾਨ ਏ ਉਹਦਾ ਪਤਾ ਨਹੀਂ, ਕਿਸੇ ਨੂੰ ਲੱਗਣਾ ਚਾਹੀਦਾ।

ਮਿਲਖੀ : ਨਾ ਜੀ, ਪਤਾ ਕਿਵੇਂ ਲੱਗ ਸਕਦੈ।

ਸਰਦਾਰ : ਆਪਣੀ ਜੀਤੋ ਨੂੰ ਵੀ ਨਾ ਦੱਸੀਂ...ਉਹ ਵੀ ਬੜੀ ਖਚਰੀ ਏ।

ਮਿਲਖੀ : ਜੀ ਤੁਹਾਨੂੰ ਕਿਸ ਤਰ੍ਹਾਂ ਪਤਾ ਏ।

ਸਰਦਾਰ : (ਸੰਭਲ ਕੇ) ਮੇਰਾ ਮਤਲਬ ਏ ਕਿ ਜ਼ਨਾਨੀਆਂ ਹੁੰਦੀਆਂ ਹੀ ਬੜੀਆਂ ਖਚਰੀਆਂ ਨੇ...ਇਨ੍ਹਾਂ ਦੇ ਢਿੱਡ ਵਿਚ ਕੋਈ ਗੱਲ ਨਹੀਂ ਪੱਚਦੀ।

ਮਿਲਖੀ : ਮੈਂ ਕਿਥੇ ਉਹਨੂੰ ਦੱਸਦਾ ਹਾਂ...ਰਾਤੀਂ ਪੁੱਛੇ ਕਿ ਸਾਰਾ ਦਿਨ ਕਿਧਰ ਰਿਹਾ ਏ...ਮੈਂ ਨਹੀਂ ਪਕੜਾਈ ਦਿੱਤੀ...ਸਵੇਰੇ ਪੁੱਛਣ ਲੱਗੀ ਤਾਂ ਵੀ ਮੈਂ ਟਾਲ ਦਿੱਤਾ।

ਸਰਦਾਰ : ਬਸ ਸੀਜ਼ਨ ਖ਼ਤਮ ਹੁੰਦਿਆਂ ਹੀ ਤੁਹਾਨੂੰ ਲੈ ਕੇ ਜਾਣਾ ਏ ਸ਼ਹਿਰ ਵਾਲੀ ਕੋਠੀ...ਐਸ਼ ਕਰੋਗੇ ਬੱਚੂ। ਇਥੇ ਪਿੰਡ ਵਿਚ ਤਾਂ ਰਾਤ ਪੈਣ ਤੋਂ ਪਹਿਲਾਂ ਹੀ ਹਨੇਰਾ ਹੋ ਜਾਂਦਾ ਏ...ਉਥੇ ਰਾਤ ਪੈਣ 'ਤੇ ਵੀ ਹਨੇਰਾ ਨਹੀਂ ਹੁੰਦਾ...ਸਭ ਕੁਝ ਲਿਸ਼ਕ ਲਿਸ਼ਕ ਜਾਂਦਾ ਏ...ਅਸੀਂ ਤੇਰੀ ਜੀਤੋ

ਨੂੰ ਵੀ ਲਿਸ਼ਕਾ ਦੇਵਾਂਗਾ...ਦੋ ਦਿਨ ਹੋਰ ਦਿਹਾੜੀਏ ਕੰਮ 'ਤੇ ਨਹੀਂ ਜਾਣੇ ਚਾਹੀਦੇ...ਪਰਸੋਂ ਤੋਂ ਕੰਬਾਇਨ ਦੀ ਬੁਕਿੰਗ ਸ਼ੁਰੂ ਕਰਾਂਗੇ... 250 ਰੁਪਏ ਕਿੱਲਾ ਲਵਾਂਗੇ...ਬੁਕਿੰਗ ਵੇਲੇ 150 ਪਹਿਲਾਂ ਐਡਵਾਂਸ ਰਖਵਾਵਾਂਗੇ। ਪਿਛਲੇ ਸਾਲ ਦੀਆਂ ਕਸਰਾਂ ਸਾਰੀਆਂ ਪੂਰੀਆਂ ਕਰਾਂਗੇ।

ਮਿਲਖੀ : ਜੱਟ ਤੇ ਜੀ ਉੱਜੜ ਜਾਣਗੇ...ਓਧਰ ਵਿਹੜੇ ਵਾਲੇ ਭੁੱਖੇ ਮਰਨਗੇ।

ਸਰਦਾਰ : ਉੱਜੜ ਜਾਣ ਸਾਨੂੰ ਕੀ...ਵਿਹੜੇ ਵਾਲੇ ਭੁੱਖੇ ਮਰ ਜਾਣ ਤੈਨੂੰ ਕੀ ?

ਮਿਲਖੀ : ਹਾਂ ਜੀ...ਮੈਨੂੰ ਕੀ ? ਮੈਂ ਤਾਂ ਸ਼ਹਿਰ ਵਾਲੀ ਕੋਠੀ ਚਲੇ ਹੀ ਜਾਣਾ ਏ।

ਸਰਦਾਰ : ਮਿਲਖੀ ਇਹ ਜ਼ਮਾਨਾ ਦਿਮਾਗ਼ ਦਾ ਏ...ਪੈਸੇ ਨਾਲ ਪੈਸਾ ਖਿੱਚਣ ਦਾ ਏ...ਅਸੀਂ ਡੇਢ ਦੋ ਲੱਖ ਐਵੇਂ ਤੇ ਨਹੀਂ ਲਗਾ ਦਿੱਤਾ। ਟਰਾਂਸਪੋਰਟ ਨਾਲੋਂ ਇਸ ਕੰਮ ਵਿਚ ਬਹੁਤੀ ਕਮਾਈ ਏ...ਨਾ ਕਿਸੇ ਟੈਕਸ ਵਾਲੇ ਦਾ ਡਰ ਏ...ਨਾ ਕਿਸੇ ਅਫ਼ਸਰ ਦਾ ਡਰ।

ਮਿਲਖੀ : ਅਫ਼ਸਰਾਂ ਦਾ ਕਾਹਦਾ ਡਰ ਏ...ਉਹ ਤੇ ਤੁਹਾਡੇ ਅੱਗੇ ਪਾਣੀ ਭਰਦੇ ਨੇ।

ਸਰਦਾਰ : ਓਏ ਐਵੇਂ ਪਾਣੀ ਨਹੀਂ ਭਰਦੇ...ਪੈਸਾ ਲਗਦੈ...ਪਿਛਲੇ ਡਿਸਟਰਿਕਟ ਟਰਾਂਸਪੋਰਟ ਅਫ਼ਸਰ ਦੀ ਮਾਰੂਤੀ ਕਾਰ ਮੈਂ ਹੀ ਉਹਨੂੰ ਲੈ ਕੇ ਦਿੱਤੀ ਏ।

ਮਿਲਖੀ : ਆਹੋ ਜੀ...ਇਕ ਮਰੂਤੀ ਉਹਨੂੰ ਦੇ ਕੇ ਚਾਰ ਮਰੂਤੀਆਂ ਤੁਸੀਂ ਆਪਣੀਆਂ ਬਣਾ ਲਈਆਂ।

ਸਰਦਾਰ : ਉਏ ਇਹਨੂੰ ਵਪਾਰ ਕਹਿੰਦੇ ਨੇ...ਅੱਗੇ ਵਪਾਰ ਕਰਦੇ ਸਨ ਸੇਠ...ਸਾਨੂੰ ਤਾਂ ਅਕਲ ਹੀ ਹੁਣ ਆਈ ਏ।

ਮਿਲਖੀ : ਆਹੋ ਜੀ...ਐਸੀ ਅਕਲ ਆਈ ਏ ਕਿ ਅਗਲੀਆਂ-ਪਿਛਲੀਆਂ ਕਸਰਾਂ ਨਿਕਲ ਗਈਆਂ ਨੇ।

ਸਰਦਾਰ : ਅੱਛਾ ਹੁਣ ਤੂੰ ਸਰਪੰਚ ਕੋਲ ਪਹੁੰਚ...ਮੈਂ ਵੀ ਠਹਿਰ ਕੇ ਪੁੱਜਦਾ ਹਾਂ। ਮੇਰਾ ਦਵਾਈ ਦਾ ਵੇਲਾ ਹੋ ਗਿਆ ਏ...ਉਹ ਪੀ ਕੇ ਆਉਂਦਾ ਹਾਂ।

ਮਿਲਖੀ : ਛਿੱਟ ਕੁ ਮੇਰੇ ਲਈ ਵੀ ਬਚਾ ਦੇਣੀ।

ਸਰਦਾਰ : ਕੰਜਰਾ...ਬਸ ਇਕ ਦੋ ਦਿਨ ਠਹਿਰ ਜਾ, ਫੇਰ ਤੈਨੂੰ ਰਜਾ ਦੇਵਾਂਗੇ।

*(ਮਿਲਖੀ ਇਕ ਪਾਸੇ ਜਾਂਦੇ ਹੈ। ਸਰਦਾਰ ਆਪਣੇ ਆਪ ਨਾਲ)*

ਬੰਦਾ ਇਕ ਨੰਬਰ ਦਾ ਏ...ਜਿਹੜਾ ਕੰਮ ਆਖੋ ਪੂਰਾ ਕਰਦਾ ਏ...ਬਸ ਚਿੜੀ ਦਾ ਦੁੱਧ ਇਹਦੇ ਕੋਲੋਂ ਕਦੀ ਮੰਗਵਾਉਣਾ ਏ...ਸ਼ਹਿਰ ਦੀ ਕੋਠੀ ਇਕ ਵਾਰੀ ਚੱਲ ਪਵੇ, ਫੇਰ ਵੇਖਦੇ ਆ ਕਿ ਜੀਤੋ ਵੀ ਕਿੰਨੇ

ਪਾਣੀਆਂ ਵਿਚ ਏ।

*(ਸ਼ੀਸ਼ੀ ਵਿਚੋਂ ਦਾਰੂ ਪੀਂਦਾ ਹੈ ਤੇ ਸਟੇਜ ਦੇ ਬਾਹਰ ਜਾਂਦਾ ਹੈ।)*

## ਚੌਥਾ ਸੀਨ

[ਸਰਦਾਰ ਤੇ ਸਰਪੰਚ ਗੱਲਾਂ ਕਰਦੇ ਹਨ। ਮਿਲਖੀ ਕੋਲ ਹੈ।]

ਸਰਦਾਰ : ਦੇਖੋ ਸਰਪੰਚ ਜੀ...ਮੈਂ ਤਾਂ ਚਾਹੁੰਦਾ ਹਾਂ ਕਿ ਪਿੰਡ ਵਿਚ ਕਿਸੇ ਕਿਸਮ ਦਾ ਦੁਫੇੜ ਨਾ ਪਏ...ਇਹਦੇ ਵਿਚ ਹੀ ਸਾਰਿਆਂ ਦਾ ਫਾਇਦਾ ਏ।

ਸਰਪੰਚ : ਦੁਫੇੜ ਪੈਣੀ ਤਾਂ ਨਹੀਂ ਚਾਹੀਦੀ ਪਰ ਲੱਗਦਾ ਹੈ ਕਿ ਕੋਈ ਸ਼ੈਤਾਨ ਦਿਮਾਗ਼ ਦੋਨੋਂ ਪਾਸੇ ਪੁੱਠੀ ਖੇਡ ਖੇਡ ਰਿਹਾ ਏ।

ਸਰਦਾਰ : ਉਸ ਸ਼ੈਤਾਨ ਦਿਮਾਗ਼ ਦੀ ਸ਼ਨਾਖਤ ਹੋਣੀ ਚਾਹੀਦੀ ਹੈ।

ਮਿਲਖੀ : ਉਹਦਾ ਜੀ ਮੂੰਹ ਕਾਲਾ ਕਰਕੇ ਉਹਨੂੰ ਖੋਤੀ 'ਤੇ ਚੜ੍ਹਾ ਕੇ ਸਾਰੇ ਪਿੰਡ ਵਿਚ ਉਹਦਾ ਜਲੂਸ ਕੱਢਣਾ ਚਾਹੀਦਾ ਏ।

ਸਰਪੰਚ : ਕਰਾਂਗੇ ਤਾਂ ਅਸੀਂ ਇਹੋ...ਮੂੰਹ ਵੀ ਕਾਲਾ ਕਰਾਂਗੇ ਤੇ ਛਿੱਤਰ ਵੀ ਮਾਰਾਂਗੇ।

ਸਰਦਾਰ : ਹੁਣ ਜੱਟ ਮੇਰੇ ਕੋਲ ਆਏ ਕਿ ਮੈਂ ਆਪਣੀ ਕੰਬਾਈਨ ਵਾਢੀ ਲਈ ਦੇਵਾਂ...ਪਰ ਮੈਂ ਸਾਫ਼ ਨਾਂਹ ਕਰ ਦਿੱਤੀ ਕਿ ਜਿੰਨਾ ਚਿਰ ਵਿਹੜੇ ਵਾਲਿਆਂ ਨਾਲ ਫ਼ੈਸਲਾ ਨਹੀਂ ਹੁੰਦਾ, ਮੈਂ ਕੰਬਾਇਨ ਨਹੀਂ ਚਲਾਉਣੀ।

ਮਿਲਖੀ : ਉਹ ਤਾਂ ਕਹਿਣ ਦੋ ਸੌ ਦੀ ਥਾਂ ਢਾਈ ਸੌ ਕਿੱਲੇ ਦਾ ਲੈ ਲਵੋ...ਪਰ ਸਰਦਾਰ ਹੋਰਾਂ ਨੇ ਇਕੋ ਨਾਂਹ ਫੜ ਲਈ।

ਸਰਪੰਚ : ਆਹੋ ਸਰਦਾਰ ਹੋਰਾਂ ਨਾਲੋਂ ਪਿੰਡ ਦਾ ਭਲਾ ਚਾਹੁਣ ਵਾਲਾ ਹੋਰ ਕੌਣ ਹੋਵੇਗਾ।

ਸਰਦਾਰ : ਹੁਣ ਵਿਹੜੇ ਵਾਲੇ ਵੀ ਮੇਰੇ ਕੋਲ ਆਏ...ਮੈਂ ਸਾਫ਼ ਆਖਿਆ ਤੁਹਾਡੀ ਪੰਜਤਾਲੀ ਰੁਪਏ ਦਿਹਾੜੀ ਮੰਗ ਠੀਕ ਨਹੀਂ...ਭਾਵੇਂ ਸਾਡੇ ਕੋਲ ਪੰਜਤਾਲੀ ਬੇਸ਼ਕ ਲੈ ਲਵੋ ਪਰ ਛੋਟੇ ਕਿਸਾਨ ਕਿਸ ਤਰ੍ਹਾਂ ਇਹ ਦੇ ਸਕਣਗੇ।

ਮਿਲਖੀ : ਸਰਦਾਰ ਹੋਰਾਂ ਨੇ ਆਖਿਆ ਕਿ ਉਨ੍ਹਾਂ ਕੋਲੋਂ ਪੰਜਤਾਲੀ ਦੀ ਥਾਂ ਭਾਵੇਂ ਪੰਜਾਹ ਲੈ ਲਵੋ...ਸੱਠ ਲੈ ਲਵੋ...ਵੱਡੇ ਬੰਦਿਆਂ ਨੂੰ ਕੀ ਫ਼ਰਕ ਪੈਂਦਾ ਏ...ਪਰ ਹਰ ਕੋਈ ਥੋੜ੍ਹਾ ਦੇ ਸਕਦਾ ਏ...ਸਰਦਾਰ ਹੋਰੀਂ ਤਾਂ ਚਾਹੁੰਦੇ ਨੇ ਕਿ ਸਾਰਿਆਂ ਦਾ ਭਲਾ ਹੋਵੇ।

*(ਜੀਤੋ ਆਉਂਦੀ ਹੈ।)*

ਜੀਤੋ : ਸਰਦਾਰ ਹੋਰੀਂ ਜਿਹੜਾ ਸਾਰਿਆਂ ਦਾ ਭਲਾ ਚਾਹੁੰਦਾ ਏ...ਉਹ ਕਿਸੇ ਕੋਲੋਂ ਭੁੱਲਿਆ ਨਹੀਂ।

ਸਰਪੰਚ : ਜੀਤ ਕੌਰੇ ਤੂੰ...ਤੈਨੂੰ ਕਿਸ ਤਰ੍ਹਾਂ ਪਤੈ ?

ਮਿਲਖੀ : ਇਹਨੂੰ ਕੀ ਪਤਾ ਹੋਣੈ ? ਭਲਾ ਤੀਵੀਆਂ ਨੂੰ ਕਿਸੇ ਗੱਲ ਦਾ ਪਤਾ ਹੁੰਦੈ ?

ਜੀਤੋ : ਤੀਵੀਆਂ ਨੂੰ ਕੋਈ ਹੋਰ ਗੱਲ ਦਾ ਪਤਾ ਹੋਵੇ ਜਾਂ ਨਾ ਹੋਵੇ...ਪਰ ਬੰਦੇ ਆਪਣੇ ਦਾ ਜ਼ਰੂਰ ਪਤਾ ਹੁੰਦੈ ?...(ਸਰਪੰਚ ਨੂੰ ਸੰਬੋਧਨ ਹੋ ਕੇ) ਸਰਪੰਚ ਜੀ, ਇਹ ਬੰਦਾ ਭਾਵੇਂ ਮੇਰਾ ਹੀ ਏ...ਪਰ ਮੈਨੂੰ ਆਖਣ ਵਿਚ ਕੋਈ ਸੰਕੋਚ ਨਹੀਂ, ਜਿਨ੍ਹਾਂ ਨੂੰ ਕਮੀਣਾ ਬੰਦੇ ਆਖੀਦਾ ਏ...ਇਹ ਉਨ੍ਹਾਂ ਵਿਚੋਂ ਇਕ ਏ ਤਾਂ ਜਿਹੜੀ ਕਮੀਣੀ ਗੱਲ ਕਰਦੈ...ਉਹ ਏਸ ਸਰਦਾਰ ਦੇ ਇਸ਼ਾਰੇ 'ਤੇ।

ਸਰਦਾਰ : (ਝੇਂਪ ਕੇ) ਓਏ ਮਿਲਖੀ ਚੁੱਪ ਕਰਵਾ ਇਹਨੂੰ...ਮੇਰੀ ਜ਼ਨਾਨੀ ਇੰਝ ਕਰੇ ਤਾਂ ਥਾਂ ਸਿਰ ਚਿੱਤ ਕਰ ਦੇਵਾਂ।

ਜੀਤੋ : ਆਵੇ ਖਾਂ ਇਹ ਅੱਗੇ...ਚਿਤ ਕਰਨ ਵਾਲੇ ਦੇ ਹੱਡ ਨਾ ਭੰਨ ਕੇ ਰੱਖ ਦੇਵਾਂ ਤੇ ਜਿਹੜਾ ਉਹਨੂੰ ਕਹਿੰਦਾ ਏ...ਉਹਦੀ ਵੀ ਜ਼ੁਬਾਨ ਸੜ ਕੇ ਸੁਆਹ ਹੋ ਜਾਵੇ।

ਮਿਲਖੀ : ਚੁੱਪ ਕਰ ਜਾ ਜੀਤੋ...ਚੁੱਪ ਕਰ ਜਾ...ਵੱਡਿਆਂ ਨਾਲ ਟੱਕਰ ਨਹੀਂ ਲਈਦੀ।

ਜੀਤੋ : ਵੱਡੇ ਹੋਣਗੇ ਆਪਣੇ ਘਰ...ਅਸੀਂ ਕੰਮ ਕਰਦੇ ਹਾਂ...ਇੱਜ਼ਤ ਦੀ ਖਾਂਦੇ ਹਾਂ।

ਸਰਦਾਰ : ਵੇਖ ਵੱਡੀ ਇੱਜ਼ਤ ਦੀ ਖਾਣ ਵਾਲੀ...ਗੋਹਾ ਕੂੜਾ ਚੁੱਕਣ ਵਾਲੀਆਂ ਦੀ ਵੀ ਮਿਜਾਜ ਹੋ ਗਈ ਏ।

ਜੀਤੋ : ਗੋਹਾ ਕੂੜਾ ਚੁੱਕਦੀਆਂ ਆਂ ਤੇ ਮਿਹਨਤ ਦੀਆਂ ਖਾਂਦੀਆਂ ਆਂ... ਤੇਰੇ ਵਾਕੁਣ ਹਰਾਮ ਦਾ ਗੂੰ ਨਹੀਂ ਖਾਂਦੀਆਂ।

ਸਰਦਾਰ : ਚੁੱਪ ਕਰ ਜਾ ਕੁਜਾਤੇ...ਮਿਲਖੀ ਬੰਦ ਕਰ ਓਏ ਇਹਦਾ ਮੂੰਹ।

ਮਿਲਖੀ : ਮਿਲਖੀ ਹੁਣ ਕੀ ਕਰੇ...ਮਿਲਖੀ ਦੀ ਜਾਤ ਤਾਂ ਤੁਸੀਂ ਪਹਿਲੇ ਹੀ ਦੱਸ ਦਿੱਤੀ...ਹੁਣ ਮਿਲਖੀ ਤੇ ਤੁਹਾਡੀ ਕੀ ਸਾਂਝ ?

*(ਸਰਦਾਰ ਖਿਸਕਣ ਲੱਗਦਾ ਹੈ ਤਾਂ ਲੱਖਾ ਅੱਗੋਂ ਰੋਕ ਲੈਂਦਾ ਹੈ।)*

ਲੱਖਾ ਸਿੰਘ : ਤੇ ਸਰਦਾਰਾ ਤੂੰ ਕਿਧਰ ਨੱਸਦਾ ਏਂ...ਤੇਰੀਆਂ ਸਾਰੀਆਂ ਪਲਾਨਾਂ ਸਾਨੂੰ ਪਤਾ ਲੱਗ ਗਈਆਂ ਨੇ।

ਸਰਪੰਚ : ਪਲਾਨਾਂ ?

*(ਕੈਲਾ ਦੂਜੇ ਪਾਸੇ ਤੋਂ ਆਉਂਦਾ ਹੈ।)*

ਕੈਲਾ : ਹਾਂ ਸਰਪੰਚ ਜੀ...ਇਹਦੀਆਂ ਪਲਾਨਾਂ ਵੱਡੇ ਲੋਕਾਂ ਦੀਆਂ ਪਲਾਨਾਂ... ਭਰਾਵਾਂ ਨੂੰ ਲੜਾਓ ਤੇ ਆਪਸੀ ਫਾਇਦਾ ਕੱਢੋ।

ਜੀਤੋ : ਹਾਂ ਸਰਪੰਚ ਜੀ...ਇਸ ਸਰਦਾਰ ਨੇ ਮੇਰੇ ਬੰਦੇ ਦੀ ਡਿਊਟੀ ਲਗਾਈ ਕਿ ਵਿਹੜੇ ਵਾਲਿਆਂ ਨੂੰ ਚੁੱਕੇ ਤੇ ਸਰਦਾਰ ਦੀ ਡਿਊਟੀ ਲਗਾਈ ਕਿ ਜੱਟਾਂ ਨੂੰ ਚੁੱਕੇ ਤਾਂ ਜੋ ਇਨ੍ਹਾਂ ਦਾ ਫ਼ੈਸਲਾ ਨਾ ਹੋਵੇ ਤੇ ਇਹ ਆਪਣੀ ਮਸ਼ੀਨ ਦਾ ਮੂੰਹ ਮੰਗਿਆ ਮੁੱਲ ਲਵੇ।

ਸਰਦਾਰ : ਇਹ ਝੂਠ ਏ।

ਮਿਲਖੀ : ਇਹ ਸੱਚ ਏ।

ਸਰਦਾਰ : ਸੱਚ ਏ ਫੇਰ ਸੱਚ ਸਹੀ...ਕਰ ਲੋ ਜੋ ਮੇਰਾ ਕਰਨਾ ਏ...।

ਕੈਲਾ : ਤੇਰਾ ਜੋ ਕਰਨਾ ਏ...ਹੁਣ ਕੱਲੇ ਨਹੀਂ ਕਰਾਂਗੇ...ਸਾਰੇ ਮਿਲ ਕੇ ਕਰਾਂਗੇ...ਇਕਮੁੱਠ ਹੋ ਕੇ ਕਰਾਂਗੇ।

ਇਕੱਠੇ :

ਇਕੋ ਮਿੱਟੀ ਦੇ ਪੁੱਤ ਸਾਰੇ
ਸੱਚ ਅਸੀਂ ਇਹ ਜਾਣ ਲਿਆ ਹੈ
ਸਾਂਝਾ ਦੁਸ਼ਮਣ ਹੈ ਕੌਣ ਸਾਡਾ
ਉਸ ਨੂੰ ਅਸੀਂ ਪਹਿਚਾਣ ਲਿਆ ਹੈ

*(ਸਾਰੇ ਬਾਹਵਾਂ ਚੁੱਕਦੇ ਹਨ। ਸਰਦਾਰ ਨੱਸਣ ਵਾਲੀ ਮੁਦਰਾ ਵਿਚ ਹੈ, ਜਦੋਂ ਫੇਡਆਊਟ ਹੁੰਦਾ ਹੈ।)*

*ਸਮਾਪਤ*